ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ: ਮੁੱਖ ਇੰਜੀਨੀਅਰ/ ਵਣਜ਼, ਪਟਿਆਲਾ

ਵੱਲ :

ਵੱਣਜ਼ ਗਸਤੀ ਪੱਤਰ ਨੰ: 9 /2012

ਸਾਰੇ ਇੰਜੀਨੀਅਰ-ਇੰਨ-ਚੀਫ / ਮੁੱਖ ਇੰਜੀਨੀਅਰਜ਼ (ਵੰਡ)
ਅਧੀਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ। 2 ਕਾਪੀਆਂ

ਮੀਮੋ ਨੰ: 313 /17 /AP Free Supply V-6 ਮਿਤੀ : 03//04/2012

ਵਿਸ਼ਾ: ਕਿਸਾਨਾਂ ਵੱਲ ਮਿਤੀ 1/10/2002 ਤੋਂ 31/08/2005 ਅਤੇ ਮਿਤੀ 22/01/2010 ਤੋਂ 02/11/2011 ਦੌਰਾਨ ਰਹਿੰਦੇ ਬਕਾਇਆ ਬਿਜਲੀ ਦੇ ਬਿੱਲ ਮੁਆਫ਼ ਕਰਨ ਕਰਨ ਸਬੰਧੀ।

ਵਣਜ਼ ਗਸ਼ਤੀ ਪੱਤਰ ਨਬਰ 25/2008 ਮਿਤੀ 13/03/2008 ਅਨੁਸਾਰ ਏ.ਪੀ. ਖਪਤਕਾਰਾਂ ਦੇ ਟਿਊਬਵੈਲ ਕੁਨੈਕਸ਼ਨ ਜਿਹੜੇ ਕਿ ਕੁਤਾਹੀ ਰਕਮ ਖੜ੍ਹੀ ਹੋਣ ਕਾਰਨ ਕੱਟੇ ਗਏ ਸਨ ਨੂੰ ਮੁੜ ਤੋਂ ਜੋੜਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ, ਜਿਹੜੀਆਂ ਕਿ ਬਾਅਦ ਵਿਚ ਇਸ ਦਫਤਰ ਦੇ ਮੀਮੋ ਨੰਬਰ 16388/92 ਮਿਤੀ 7/4/2010 ਨਾਲ ਸੋਧ ਕੇ ਏ.ਪੀ. ਖਪਤਕਾਰਾਂ ਤੋਂ ਮਿਤੀ 31/08/2005 ਤੱਕ ਬਿਜਲੀ ਦੇ ਬਿੱਲਾਂ ਦੀ ਖੜੀ ਕੁਤਾਹੀ ਰਕਮ ਉਗਰਾਹਣ ਸਬੰਧੀ ਉਪਰਾਲੇ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ।

ਪੰਜਾਬ ਸਰਕਾਰ ਬਿਜਲੀ ਵਿਭਾਗ (ਊਰਜਾ ਸ਼ਾਖਾ) ਦੇ ਪਿੱਠ ਅੰਕਣ ਨੰਬਰ 11/68/2010/ਓ.ਸ.2/4175 ਮਿਤੀ 16/12/2011 ਨਾਲ ਪ੍ਰਾਪਤ ਹੋਏ ਪੰਜਾਬ ਮੰਤਰੀ ਮੰਡਲ ਦੀ ਮਿਤੀ 10/12/2011 ਦੀ ਮੀਟਿੰਗ ਦੇ ਫੈਸਲੇ ਜੋ ਕਿ ਹੇਠ ਲਿਖੇ ਅਨੁਸਾਰ ਭੇਜੀ ਗਈ ਹੈ:-

*" ਪੰਜਾਬ ਸਰਕਾਰ ਵੱਲੋ ਕਾਫੀ ਦੇਰ ਤੋਂ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਜਾਂਦੀ ਰਹੀ ਹੈ । ਪਿਛਲੀ ਸਰਕਾਰ ਦੌਰਾਨ ਅਤੇ ਕੁੱਝ ਸਮੇਂ ਮੌਜੂਦਾ ਸਰਕਾਰ ਦੇ ਕਾਰਜਕਾਲ ਵਿੱਚ ਇਹ ਸਹੂਲਤ ਵਾਪਿਸ਼ ਲੈ ਲਈ ਗਈ ਸੀ। ਉਸ ਸਮੇਂ ਦੇ ਬਿੱਲ ਕਿਸਾਨਾਂ ਵੱਲ ਬਕਾਇਆ ਹਨ। ਫੈਸਲਾ ਕੀਤਾ ਗਿਆ ਕਿ ਇਹ ਸਾਰੇ ਬਿੱਲ ਮੁਆਫ਼ ਕੀਤੇ ਜਾਣਗੇ ਅਤੇ ਇਸ ਮੁਆਫ਼ੀ ਵਿਰੁੱਧ ਸਬਸਿਡੀ ਦਾ ਭੁਗਤਾਨ ਪਾਵਰਕੌਮ ਨੂੰ ਛੇ ਮਹਾਵਾਰੀ ਕਿਸਤਾਂ ਵਿੱਚ ਕਰ ਦਿੱਤਾ ਜਾਵੇਗਾ "।*

ਉਪਰੋਕਤ ਮਾਮਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਏ.ਪੀ. ਖਪਤਕਾਰਾਂ ਦੇ ਮਿਤੀ 1/10/2002 ਤੋਂ 31/08/2005 ਅਤੇ 22/01/2010 ਤੋਂ 2/11/2011 ਤੱਕ ਏ.ਪੀ. ਮੋਟਰਾਂ ਦੇ ਬਿੱਲ ਲਾਗੂ ਹੋਣ ਦੌਰਾਨ ਦੇ ਸਮੇ ਦੀ ਕੁਤਾਹੀ ਰਕਮ 60.21 ਕਰੋੜ ਰੁਪਏ ਅਤੇ 297.43 ਕਰੋੜ ਰੁਪਏ ਤਰਤੀਬਵਾਰ (ਕੁੱਲ 357.64 ਕਰੋੜ ਰੁਪਏ) ਬਣਦੀ ਹੈ। ਪੰਜਾਬ ਮੰਤਰੀ ਮੰਡਲ ਦੀ ਮਿਤੀ 10/12/2011 ਦੀ ਮੀਟਿੰਗ ਵਿਚ ਲਏ ਗਏ ਫੈਸਲੇ ਅਨੁਸਾਰ ਇਹ ਰਕਮ ਸਰਕਾਰ ਵੱਲੋ 6 ਬਰਾਬਰ ਮਹਾਵਾਰੀ ਕਿਸਤਾ ਵਿਚ ਦੇਣ ਦਾ ਫੈਸਲਾ ਕੀਤਾ ਹੈ।

ਇਸ ਬਾਬਤ ਪੀ.ਐਸ.ਪੀ.ਸੀ. ਐਲ. ਵੱਲੋ PSERC ਨੂੰ ਅਜਿਹੀ ਸਬਸਿੱਡੀ 6 ਬਰਾਬਰ ਮਹਾਵਾਰੀ ਕਿਸ਼ਤਾ ਵਿਚ ਉਪਲਬੱਧ ਕਰਾਉਂਣ ਲਈ ਸਿਧਾਂਤਕ ਮੰਨਜੂਰੀ ਲਈ ਲਿਖਿਆ ਗਿਆ ਸੀ ਜੋ ਕਿ PSERC ਵੱਲੋ ਉਨ੍ਹਾਂ ਦੇ ਪੱਤਰ ਨੰਬਰ PSERC/Sr.AO/Subsidy 2011-12/85/11487 ਮਿਤੀ 22/03/2012 ਰਾਹੀਂ ਦੇ ਦਿੱਤੀ ਗਈ ਹੈ।

ਪੰਜਾਬ ਸਰਕਾਰ / PSERC ਉਪਰੋਕਤ ਫੈਸਲੇ ਨੂੰ ਧਿਆਨ ਵਿਚ ਰੱਖਦੇ ਹੋਏ ਏ.ਪੀ. ਖਪਤਕਾਰਾਂ ਦੇ ਟਿਊਬਵੈਲ ਕੁਨੈਕਸ਼ਨ ਜਿਹੜੇ ਕਿ ਏ.ਪੀ. ਮੋਟਰਾਂ ਦੇ ਬਿੱਲ ਦੇ ਲਾਗੂ ਹੋਣ ਦੋਰਾਨ ਦੇ ਸਮੇਂ ਮਿਤੀ 1/10/2002 ਤੋਂ 31/08/2005 ਅਤੇ 22/01/2010 ਤੋਂ 2/11/2011 ਤੱਕ ਦੀ ਕੁਤਾਹੀ ਰਕਮ ਨੂੰ ਮਾਫ਼ ਕਰਨ ਉਪਰੰਤ ਕੱਟੇ ਹੋਏ ਟਿਊਬਵੈਲ ਕੁਨੈਕਸ਼ਨਾਂ ਨੂੰ ਮੁੜ ਤੋਂ ਜੋੜਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ।

ਫੀਲਡ ਦਫਤਰਾਂ ਵਲੋ ਉਪਰੋਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।
ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

3/4/12

ਉਪ ਮੁੱਖ ਇੰਜ:/ਵਿਕਰੀ-2,
ਵਾਸਤੇ ਮੁੱਖ ਇੰਜੀਨੀਅਰ/ਵੰਣਜ,
ਪੀ.ਐਸ.ਪੀ.ਸੀ.ਐਲ,ਪਟਿਆਲਾ ।

ਪਿੱਠ ਅੰਕਣ ਨੰ: 318/39 / AP Free Supply V-6 ਮਿਤੀ 03/04/2012

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ,ਪੰ:ਰਾ:ਪਾ:ਕਾ:ਲਿਮਟਿਡ, ਪਟਿਆਲਾ।
2) ਸਾਰੇ ਨਿਰਦੇਸ਼ਕ,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ।
3) ਵਿੱਤ ਕਮਿਸ਼ਨਰ/ ਫਾਇਨਾਸ਼ ਟੂ ਗੋਰਮਿੰਟ ਪੰਜਾਬ ਐਂਕਸ-ਆਫੀਸੋ ਮੈਂਬਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ।
4) ਸਕੱਤਰ/ ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ ।
5) ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ਼ ਵਿਭਾਗ, ਪੰਜਾਬ ਸਰਕਾਰ,ਚੰਡੀਗੜ ।
6) ਪ੍ਰੈਜੀਡੈਂਟ, ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) SCO ਨੰ:3009-10, ਸੈਕਟਰ-22, ਚੰਡੀਗੜ੍ਹ।
7) ਮੁੱਖ ਇੰਜਨੀਅਰ/ਚੇਅਰਮੈਨ (ਫੋਰਮ),ਪੀ-1,ਵਾਈਟ ਹਾਊਸ ਰਾਜਪੁਰਾ ਕਲੋਨੀ, ਪਟਿਆਲਾ।
8) ਸਕੱਤਰ/ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ,ਐਸ.ਸੀ.ਓ.ਨੰ:220-221, ਸੈਕਟਰ-34 ਏ.ਚੰਡੀਗੜ੍ਹ।
9) Ombudsman, Electricity Punjab 66 KV Grid Sub-Station, Plot No.A-2, Industrial Area, Phase-1, SAS Nagar (Mohali)-160055.
10) ਨਿੱਜੀ ਸਕੱਤਰ ਟੂ ਬਿਜਲੀ ਮੰਤਰੀ ,ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ੍ਹ।
11) ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
12) ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡਸਟ੍ਰੀਜ਼, ਪੰਜਾਬ ਸੈਕਟਰ-17, ਚੰਡੀਗੜ੍ਹ।
13) ਨਿਗਰਾਨ ਇੰਜ:/ਆਈ.ਟੀ.,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ।
14) Dy.CE/Sales-I, Dy.CE/Sales-II & Dy.CE/Billing, PSPCl,Patiala.
15) CE/ARR & TR, PSPCL, Patiala.
16) Finacial Advisor, PSPCL, Patiala.

ਵਧੀਕ ਨਿਗ:ਇੰਜ:/ਵਿਕਰੀ-5,
ਵਾਸਤੇ ਮੁੱਖ ਇੰਜੀਨੀਅਰ/ਵੱਣਜ,
ਪੀਐਸਪੀਸੀਐਲ,ਪਟਿਆਲਾ ।